

# ਜਬਰਨ ਸ਼ਾਦੀ





## ਤੁਹਾਡੀ ਸੁਰੱਖਿਆ ਲਈ ਨਵੇਂ ਕਾਨੂੰਨ




**ਜਬਰਨ ਸ਼ਾਦੀ ਹੈਲਪਲਾਈਨ**

**0800 027 1234**

Fife Adult Protection
www.fifedirect.org.uk/adultprotection

Made with PHOTO SYMBOLS 3

DASA

DA LANGUAGES LIMITED
DOWNS COURT
29 THE DOWNS
ALTRINCHAM
WA14 2QD



ਤੁਸੀਂ ਉਹਨਾਂ ਨੂੰ ਚੁਣ ਸਕਦੇ ਹੋ ਜਿਹਨਾਂ ਨੂੰ ਤੁਸੀਂ ਦੋਸਤ ਬਣਾਉਣਾ ਚਾਹੁੰਦੇ ਹੋ।

ਤੁਸੀਂ ਚੁਣ ਸਕਦੇ ਹੋ ਜੇਕਰ ਤੁਸੀਂ ਬੁਆਏ ਫ੍ਰੈਂਡ ਜਾਂ ਗਰਲ ਫ੍ਰੈਂਡ ਬਣਾਉਣਾ ਚਾਹੁੰਦੇ ਹੋ।



ਆਪਣੇ ਲਈ ਸਾਥੀ ਚੁਣਨਾ ਤੁਹਾਡਾ ਹੱਕ ਹੈ।

ਸਕਾਟਲੈਂਡ ਵਿੱਚ, ਹਰ ਕਿਸੇ ਨੂੰ ਸ਼ਾਦੀ ਕਰਵਾਉਣ ਲਈ ਆਪਣਾ ਸਾਥੀ ਚੁਣਨ ਦਾ ਹੱਕ ਹੈ।



ਕਿਸੇ ਨੂੰ ਵੀ ਕਿਸੇ ਨਾਲ ਜਬਰਨ ਸ਼ਾਦੀ ਨਹੀਂ ਕਰਨੀ ਚਾਹੀਦੀ ਜੇਕਰ ਉਹ ਅਜਿਹਾ ਨਹੀਂ ਚਾਹੁੰਦੇ।



ਇਹ ਗ਼ਲਤ ਹੈ।

ਜੇਕਰ ਤੁਹਾਡੇ ਨਾਲ ਅਜਿਹਾ ਹੋ ਰਿਹਾ ਹੈ, ਇਹ ਤੁਹਾਡੀ ਗ਼ਲਤੀ ਨਹੀਂ।



**ਜਬਰਨ ਸ਼ਾਦੀ ਕੀ ਹੈ?**

ਇੱਕ ਸ਼ਾਦੀ "ਜਬਰਨ" ਉਦੋਂ ਕਹਾਉਂਦੀ ਹੈ ਜਦੋਂ ਇੱਕ ਜਾਂ ਦੋਵੇਂ ਵਿਅਕਤੀ ਸ਼ਾਦੀ ਕਰਨ ਲਈ ਸਹਿਮਤ, ਨਹੀਂ ਹੁੰਦੇ, ਜਾ ਹੋ ਸਕਦੇ।



ਇਹ ਵਿਵਸਥਿਤ ਸ਼ਾਦੀ ਵਾਂਗ ਨਹੀਂ ਹੁੰਦੀ, ਜਿਸ ਵਿੱਚ ਪਰਿਵਾਰ ਆਪਣੇ ਪੁੱਤਰ ਜਾਂ ਧੀ ਲਈ ਸਾਥੀ ਚੁਣਨ ਵਿੱਚ ਮਦਦ ਕਰਦੇ ਹਨ, ਅਤੇ ਉਹ ਦੋਵੇਂ ਸ਼ਾਦੀ ਕਰਨਾ **ਚਾਹੁੰਦੇ** ਹਨ।
ਵਿਵਸਥਿਤ ਸ਼ਾਦੀਆਂ ਸਕਾਟਲੈਂਡ ਵਿੱਚ ਕਈ ਵਰਗਾਂ ਲਈ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹਨ।



ਪਰ ਸ਼ਾਦੀ ਲਈ **ਜਬਰਨ ਮਜਬੂਰ** ਕਰਨਾ ਗ਼ਲਤ ਹੈ।

DA LANGUAGES LIMITED
DOWNS COURT
29 THE DOWNS
ALTRINCHAM
WA14 2QD



ਪਰਿਵਾਰ ਦੇ ਕਿਸੇ ਮੈਂਬਰ ਜਾਂ ਸਾਥੀ ਨੂੰ ਤੁਹਾਡੇ ਨਾਲ ਉੱਚੀ ਆਵਾਜ਼ ਵਿੱਚ ਗੱਲ ਕਰਨ ਜਾਂ ਧਮਕਾਉਣ ਦਾ ਅਧਿਕਾਰ ਨਹੀਂ ਹੈ।



ਤੁਹਾਨੂੰ ਜਬਰਨ ਸ਼ਾਦੀ ਲਈ ਮਜਬੂਰ ਕਰਨ ਲਈ, ਕਿਸੇ ਨੂੰ ਵੀ ਤੁਹਾਡੇ ਨਾਲ ਕੁੱਟ-ਮਾਰ ਕਰਨ ਜਾਂ ਤੁਹਾਨੂੰ ਜ਼ਖ਼ਮੀ ਕਰਨ ਦਾ ਅਧਿਕਾਰ ਨਹੀਂ ਹੈ।

ਇਹ ਗ਼ਲਤ ਹੈ।



ਤੁਸੀਂ ਇਹ ਫ਼ੈਸਲਾ ਕਰਨ ਲਈ ਕਿ ਤੁਸੀਂ ਜੋ ਕਰਨਾ ਚਾਹੁੰਦੇ ਹੋ, ਉਸ ਲਈ ਸਹਾਇਤਾ ਪ੍ਰਾਪਤ ਕਰ ਸਕਦੇ ਹੋ।




ਸਕਾਟਲੈਂਡ ਵਿੱਚ ਨਵੇਂ ਕਾਨੂੰਨ ਉਹਨਾਂ ਵਿਅਕਤੀਆਂ ਦੀ ਸਹਾਇਤਾ ਕਰ ਸਕਦੇ ਹਨ ਜਿਹਨਾਂ ਨੂੰ ਜਬਰਨ ਸ਼ਾਦੀ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਤੁਸੀਂ "ਜਬਰਨ ਸ਼ਾਦੀ ਸੁਰੱਖਿਆ ਹੁਕਮ" (Forced Marriage Protection Order)

ਪ੍ਰਾਪਤ ਕਰ ਸਕਦੇ ਹੋ। ਇਹ ਕਿਸੇ ਨੂੰ ਵੀ ਤੁਹਾਡੀ ਇੱਛਾ ਤੋਂ ਬਗ਼ੈਰ ਤੁਹਾਡੇ ਨਾਲ ਜਬਰਨ ਸ਼ਾਦੀ ਕਰਨ ਤੋਂ ਰੋਕਦਾ ਹੈ।



**ਅੱਗੇ ਕੀ ਕਰਨਾ ਹੈ?**

ਜੇਕਰ ਤੁਹਾਨੂੰ ਸ਼ਾਦੀ ਲਈ ਜਬਰਨ ਮਜਬੂਰ ਕੀਤਾ ਜਾ ਰਿਹਾ ਹੈ, ਤੁਸੀਂ ਆਪਣੇ ਆਪ ਨੂੰ ਇਕੱਲੇ ਅਤੇ ਫਸੇ ਹੋਏ ਮਹਿਸੂਸ ਕਰ ਸਕਦੇ ਹੋ।



ਤੁਹਾਨੂੰ ਘਬਰਾਹਟ ਜਾਂ ਡਰ ਮਹਿਸੂਸ ਹੋ ਸਕਦਾ ਹੈ।

ਤੁਹਾਨੂੰ ਇੰਝ ਮਹਿਸੂਸ ਹੋ ਸਕਦਾ ਹੈ ਜਿਵੇਂ ਤੁਸੀਂ ਕੁਝ ਵੀ ਨਹੀਂ ਕਰ ਸਕਦੇ।

ਆਪਣੀ ਆਵਾਜ਼ ਉਠਾਉਣ ਅਤੇ ਸਹਾਇਤਾ ਪ੍ਰਾਪਤ ਕਰਨ ਲਈ ਤੁਹਾਨੂੰ ਡਰਨ ਦੀ ਲੋੜ ਨਹੀਂ।



ਤੁਹਾਡੀ ਸਹਾਇਤਾ ਲਈ ਕੋਈ ਮੌਜੂਦ ਹੈ।



DA LANGUAGES LIMITED
DOWNS COURT
29 THE DOWNS
ALTRINCHAM
WA14 2QD



**ਸਹਾਇਤਾ ਕਿਵੇਂ ਪ੍ਰਾਪਤ ਕਰਨੀ ਹੈ:**

ਜੇਕਰ ਤੁਸੀਂ ਸਹਾਇਤਾ ਅਤੇ ਸਲਾਹ ਲਈ ਕਿਸੇ ਨਾਲ ਗੱਲਬਾਤ ਕਰਨੀ ਚਾਹੁੰਦੇ ਹੋ, ਤਾਂ ਜਬਰਨ ਸ਼ਾਦੀ ਹੈਲਪਲਾਈਨ (Forced Marriage Helpline) ਨਾਲ ਇੱਥੇ ਫ਼ੋਨ ਕਰੋ:

**0800 027 1234**



ਕਾਲ ਕਰਨ ਦਾ ਕੋਈ ਮੁੱਲ ਨਹੀਂ ਲਗਦਾ।

ਤੁਸੀਂ ਕਿਸੇ ਵੀ ਸਮੇਂ ਫ਼ੋਨ ਕਰ ਸਕਦੇ ਹੋ।

ਤੁਹਾਨੂੰ ਉਹਨਾਂ ਨੂੰ ਆਪਣਾ ਨਾਮ ਦੱਸਣ ਦੀ ਲੋੜ ਨਹੀਂ, ਜੇਕਰ ਤੁਸੀਂ ਅਜਿਹਾ ਨਹੀਂ ਚਾਹੁੰਦੇ।



ਹੈਲਪਲਾਈਨ ਕਰਮਚਾਰੀ:

- ਤੁਹਾਡੀ ਗੱਲ ਸੁਣਨਗੇ ਅਤੇ ਗੰਭੀਰਤਾ ਨਾਲ ਸਮਝਣਗੇ।



- ਤੁਹਾਡੀ ਜਾਣਕਾਰੀ ਗੁਪਤ ਰੱਖਣਗੇ।



- ਤੁਹਾਨੂੰ ਹੋਰ ਸੰਸਥਾਵਾਂ ਬਾਰੇ ਦੱਸਣਗੇ ਜਿਹੜੀਆਂ ਤੁਹਾਨੂੰ ਸਹਾਇਤਾ ਅਤੇ ਸਮਰਥਨ ਪ੍ਰਦਾਨ ਕਰ ਸਕਦੀਆਂ ਹਨ, ਜੇਕਰ ਤੁਸੀਂ ਅਜਿਹਾ ਚਾਹੁੰਦੇ ਹੋ।



ਇੱਕ ਹੋਰ ਫ਼ੋਨ ਲਾਈਨ ਉਪਲਬਧ ਹੈ, ਜੇਕਰ ਤੁਸੀਂ ਮਰਦ ਹੋ ਅਤੇ ਜਬਰਨ ਸ਼ਾਦੀ ਬਾਰੇ ਸਲਾਹ ਲੈਣੀ ਚਾਹੁੰਦੇ ਹੋ। ਫ਼ੋਨ ਨੰਬਰ ਹੈ:

**0808 801 0327**

ਤੁਸੀਂ ਇੱਥੇ ਈ-ਮੇਲ ਵੀ ਕਰ ਸਕਦੇ ਹੋ: info@mensadviceline.org.uk




ਜੇਕਰ ਤੁਸੀਂ ਫ਼ੋਨ ਉੱਤੇ ਕਿਸੇ ਨਾਲ ਗੱਲ਼ ਕਰਨ ਲਈ ਤਿਆਰ ਨਹੀਂ, ਜਾਂ ਤੁਹਾਨੂੰ ਫ਼ੋਨ ਕਰਨਾ ਮੁਸ਼ਕਲ ਲੱਗਦਾ ਹੈ, ਤਾਂ ਤੁਸੀਂ ਲੋੜੀਂਦੀ ਜਾਣਕਾਰੀ ਔਨਲਾਈਨ ਇੱਥੋਂ ਪ੍ਰਾਪਤ ਕਰ ਸਕਦੇ ਹੋ: yourrightscotland.org

DA LANGUAGES LIMITED
DOWNS COURT
29 THE DOWNS
ALTRINCHAM
WA14 2QD